Ajit (05 December, 2014)

# ਯੂਰਪੀਅਨ ਦੇਸ਼ ਸਬੋਰਗਾ ਵੱਲੋਂ ਓਬਰਾਏ ਭਾਰਤ 'ਚ ਕੌਂਸਲੇਟ ਜਨਰਲ ਨਿਯੁਕਤ

ਚੰਡੀਗੜ੍ਹ, 4 ਦਸੰਬਰ (ਬਿਊਰੋ ਚੀਫ਼)-ਦੁਬਈ ਦੇ ਵਪਾਰੀ ਤੇ ਸਰਬਤ



ਯੂਰਪੀ ਦੇਸ਼ ਸਬੋਰਗਾ ਦੇ ਪ੍ਰਿੰਸ ਸ. ਸੁਰਿੰਦਰਪਾਲ ਸਿੰਘ ਓਬਰਾਏ ਨੂੰ ਸਹੁੰ ਚੁਕਾਉਂਦੇ ਹੋਏ।

ਭਲਾ ਟਰੱਸਟ ਦੇ ਮੁਖੀ ਸ. ਸੁਰਿੰਦਰ ਪਾਲ ਸਿੰਘ ਓਬਰਾਏ ਨੂੰ ਯੂਰਪੀਅਨ ਦੇਸ਼ ਸਬੋਰਗਾ ਵੱਲੋਂ ਭਾਰਤ ਵਿਚ ਆਪਣਾ ਕੌਂਸਲੇਟ ਜਨਰਲ ਨਿਯੁਕਤ ਕੀਤਾ ਹੈ। ਇਹ ਪਹਿਲਾ ਮੌਕਾ ਹੈ ਕਿ ਕਿਸੇ ਯੂਰਪੀਅਨ ਦੇਸ਼ ਵੱਲੋਂ ਇਕ ਸਿੱਖ ਨੂੰ ਅਜਿਹਾ ਮਾਣ ਦਿੱਤਾ ਹੋਵੇ। ਸਬੋਰਗਾ ਦੇ ਪ੍ਰਿੰਸੀਪਲ ਬੀਤੇ ਦਿਨੀਂ ਸਬੋਰਗਾ ਦੀ ਰਾਜਧਾਨੀ ਵਿਖੇ ਸਮਾਗਮ ਦੌਰਾਨ ਇਸ ਅਹੁਦੇ ਦੀ ਸਹੁੰ ਚੁਕਾਉਣ ਤੋਂ ਇਲਾਵਾ ਆਪਣੇ ਦੇਸ਼ ਵੱਲੋਂ ਡਿਪਲੋਮੈਟਿਕ ਪਾਸਪੋਰਟ ਵੀ ਜਾਰੀ ਕੀਤਾ। ਤਾਜਪੋਸ਼ੀ ਸਮਾਗਮ ਵਿਚ ਭਾਰਤ ਤੋਂ ਅਮੀਸ਼ ਅਰੋੜਾ, ਕੰਵਰਜੀਤ ਸਿੰਘ ਕੋਛੜ ਤੇ ਐਚ.ਵੀ. ਜੈਨ ਵੀ ਹਾਜ਼ਰ ਸਨ। ਜਦੋਂਕਿ ਸਬੋਰਗਾ ਵਿਚ ਹੰਗਰੀ ਤੇ ਸਰਬੀਆ ਸਮੇਤ ਕਈ ਦੇਸ਼ਾਂ ਦੇ ਰਾਜਦੂਤ ਵੀ ਸ਼ਾਮਲ ਹੋਏ।